# ਕਿਰਿਆ ਵਿਸ਼ੇਸ਼ਣ /Adverb

- ਉਹ ਸ਼ਬਦ ਹੈ ਜੋ ਕਿਸੇ **ਕਿਰਿਆ ਦੀ ਵਿਸ਼ੇਸ਼ਤਾ ਪਰਗਟ ਕਰੇ**, ਜਾਂ ਵਾਕ ਦੀ ਕਿਰਿਆ ਨਾਲ ਕੰਮ ਦੇ ਹੋਣ ਦਾ **ਸਮਾਂ**, **ਅਸਥਾਨ** ਜਾਂ **ਕਾਰਨ** ਦੱਸੇ, ਜਿਵੇਂ: **ਤੇਜ਼ ਚੱਲ**, **ਬਹੁਤ ਸਜ਼ਾ ਦਿੱਤੀ**, ਵਿੱਚ **' ਚੱਲ ' ਅਤੇ ' ਦਿੱਤੀ ', ਦੋਨੋਂ ਕਿਰਿਆਵਾਂ ਹਨ ਅਤੇ ' ਤੇਜ਼ '** , ਅਤੇ **' ਬਹੁਤ ' ਕਿਰਿਆ ਵਿਸ਼ੇਸ਼ਣ** ਹਨ।

# ਕਿਰਿਆ ਵਿਸ਼ੇਸ਼ਣ ਅੱਠ ਪ੍ਰਕਾਰ ਦੇ ਹਨ:-

ਕਾਲ-ਵਾਚਕ (Adverbs of Time)

ਸਥਾਨ-ਵਾਚਕ (Adverbs of Place)

ਪਰਕਾਰ-ਵਾਚਕ (Adverbs of Manner)

ਪਰਿਮਾਣ-ਵਾਚਕ (Adverbs of Quantity)

ਸੰਖਿਆ-ਵਾਚਕ (Adverbs of of Number)

ਨਿਰਣਾ-ਵਾਚਕ (Adverbs of Affirmation)

ਕਾਰਨ-ਵਾਚਕ (Adverbs of Cause)

ਤਾਕੀਦੀ-ਵਾਚਕ (Adverbs of Emphasis)

DU SCREEN

# ਕਾਲ-ਵਾਚਕ ਕਿਰਿਆ ਵਿਸ਼ੇਸ਼ਣ

ਜਿਹੜੇ ਕਿਰਿਆ ਵਿਸ਼ੇਸ਼ਣ ਕੰਮ ਦਾ ਸਮਾਂ ਦੱਸਣ , ਜਿਵੇਂ:- ਭਲਕੇ, ਪਰਸੋਂ, ਹੁਣ, ਅੱਜ, ਜਦੋਂ, ਕੱਲ, ਆਦਿ, ਕਾਲ-ਵਾਚਕ ਕਿਰਿਆ ਵਿਸ਼ੇਸ਼ਣ ਹਨ।

# ਸਥਾਨ-ਵਾਚਕ ਕਿਰਿਆ ਵਿਸ਼ੇਸ਼ਣ

ਜਿਹੜੇ ਕਿਰਿਆ ਵਿਸ਼ੇਸ਼ਨ ਕੰਮ ਦਾ ਸਥਾਨ ਦੱਸਣ, ਜਿਵੇਂ:- ਇਥੇ, ਉਥੇ, ਨੇੜੇ, ਦੂਰ, ਸੱਜੇ, ਖੱਬੇ, ਆਦਿ, **ਸਥਾਨ-ਵਾਚਕ ਕਿਰਿਆ ਵਿਸ਼ੇਸ਼ਣ** ਹਨ।

# ਪਰਕਾਰ-ਵਾਚਕ ਕਿਰਿਆ ਵਿਸ਼ੇਸ਼ਣ

ਜਿਹੜੇ ਕਿਰਿਆ ਵਿਸ਼ੇਸ਼ਨ ਕੰਮ ਦਾ ਤਰੀਕਾ ਦੱਸਣ, ਜਿਵੇਂ:- ਹੌਲੀ-ਹੌਲੀ; ਕਾਹਲੀ-ਕਾਹਲੀ; ਇਸ ਤਰਾਂ (ਇਕੁਰ); ਉਸ ਤਰਾਂ (ਉਕਰ); ਧੀਰੇ-ਧੀਰੇ ; ਆਦਿ, **ਪਰਕਾਰ-ਵਾਚਕ ਕਿਰਿਆ ਵਿਸ਼ੇਸ਼ਣ** ਹਨ।

# ਸੰਖਿਆ-ਵਾਚਕ ਕਿਰਿਆ ਵਿਸ਼ੇਸ਼ਣ

ਜਿਹੜੇ ਕਿਰਿਆ ਵਿਸ਼ੇਸ਼ਨ ਕੰਮ ਦੇ ਹੋਣ ਦੀਆਂ ਵਾਰੀਆਂ ਦੱਸਣ, ਜਿਵੇਂ:- ਕਈ ਵਾਰ, ਦੂਜੇ ਤੀਜੇ, ਘੜੀ ਮੁੜੀ, ਆਦਿ **ਸੰਖਿਆ-ਵਾਚਕ ਕਿਰਿਆ ਵਿਸ਼ੇਸ਼ਣ** ਹਨ।

# ਨਿਰਣਾ-ਵਾਚਕ ਕਿਰਿਆ ਵਿਸ਼ੇਸ਼ਣ

- ਜਿਹੜੇ ਕਿਰਿਆ ਵਿਸ਼ੇਸ਼ਣ ਕੰਮ ਦੇ ਹੋਣ ਜਾਂ ਨਾ ਹੋਣ ਦਾ ਨਿਰਣਾ ਦੱਸਣ, ਜਿਵੇ :- ਹਾਂ, ਠੀਕ, ਨਹੀਂ, ਜੀ ਹਾਂ, ਸਤਿ ਬਚਨ, ਆਦਿ, **ਨਿਰਣਾ-ਵਾਚਕ ਕਿਰਿਆ ਵਿਸ਼ੇਸ਼ਣ** ਹਨ।

# ਕਾਰਨ-ਵਾਚਕ ਕਿਰਿਆ ਵਿਸ਼ੇਸ਼ਣ

- ਜਿਹੜੇ ਕਿਰਿਆ ਵਿਸ਼ੇਸ਼ਨ ਕੰਮ ਦੇ ਹੋਣ ਦਾ ਸਬੱਬ (ਕਾਰਨ) ਦੱਸਣ, ਜਿਵੇਂ:- ਕਿਉਂਕਿ, ਇਸ ਲਈ, ਤਾਂ ਜੋ, ਆਦਿ, **ਕਾਰਨ-ਵਾਚਕ ਕਿਰਿਆ ਵਿਸ਼ੇਸ਼ਣ** ਹਨ।

# ਨਿਸਚੇ-ਵਾਚਕ ਕਿਰਿਆ ਵਿਸ਼ੇਸ਼ਣ

ਜਿਹੜੇ ਕਿਰਿਆ ਵਿਸ਼ੇਸ਼ਣ ਕੰਮ ਦੇ ਹੋਣ ਦੀ ਪ੍ਰੋੜਤਾ, ਨਿਸਚੇ, ਵਿਸ਼ਵਾਸ਼ ਜਾਂ ਤਾਕੀਦ ਲਈ ਵਰਤੇ ਜਾਣ, ਜਿਵੇਂ :- ਬਹੁਤ ਹੀ, ਤਕ, ਵੀ, ਭੀ, ਹਾਂ, ਨਾ, ਆਦਿ, **ਤਾਕੀਦੀ-ਵਾਚਕ ਕਿਰਿਆ ਵਿਸ਼ੇਸ਼ਣ** ਹਨ।

# ਪਰਿਮਾਣ-ਵਾਚਕ ਕਿਰਿਆ ਵਿਸ਼ੇਸ਼ਣ

ਜਿਹੜੇ ਕਿਰਿਆ ਵਿਸ਼ੇਸ਼ਣ ਕੰਮ ਦੀ ਮਿਕਦਾਰ, ਗੁਣ, ਅੰਦਾਜ਼ਾ, ਜਾਂ ਮਿਣਤੀ ਦੱਸਣ, ਜਿਵੇਂ:- ਥੋੜਾ, ਵੱਧ, ਘਟ, ਬਹੁਤ, ਕੁਝ, ਆਦਿ **ਪਰਿਮਾਣ-ਵਾਚਕ ਕਿਰਿਆ ਵਿਸ਼ੇਸ਼ਣ** ਹਨ।